# Official Spokesperson's response to media queries regarding Chinese MFA Spokesperson’s comments on the Galwan valley incident

September 24, 2021

……………………………………………………………………………………

## ਗਲਵਾਨ ਘਾਟੀ ਅੰਦਰ ਹੋਈ ਘਟਨਾ ਬਾਰੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦੀਆਂ ਟਿੱਪਣੀਆਂ ਸਬੰਧੀ ਮੀਡੀਆ ਦੇ ਸਵਾਲਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

**24 ਸਤੰਬਰ, 2021**

ਚੀਨੀ ਵਿਦੇਸ਼ ਮੰਤਰਾਲੇ ਦੀ ਇਸ ਟਿੱਪਣੀ ਬਾਰੇ ਕਿ 'ਗਲਵਾਨ ਘਾਟੀ ਵਾਲੀ ਘਟਨਾ ਇਸ ਲਈ ਵਾਪਰੀ ਕਿਉਂਕਿ ਭਾਰਤ ਨੇ ਸਾਰੀਆਂ ਸੰਧੀਆਂ ਅਤੇ ਸਮਝੌਤਿਆਂ ਦੀ ਉਲੰਘਣਾ ਕੀਤੀ ਅਤੇ ਚੀਨ ਦੇ ਇਲਾਕੇ 'ਤੇ ਗੈਰਕਨੂੰਨੀ ਕਬਜ਼ਾ ਕੀਤਾ ਅਤੇ ਆਪਣੀ ਹੱਦ ਪਾਰ ਕੀਤੀ', ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਭਾਰਤੀ ਵਿਦੇਸ਼ ਮੰਤਰਾਲੇ ਮੀਡੀਆ ਦੇ ਬੁਲਾਰੇ ਨੇ ਕਿਹਾ:

ਅਸੀਂ ਅਜਿਹੇ ਬਿਆਨਾਂ ਨੂੰ ਖਾਰਜ ਕਰਦੇ ਹਾਂ। ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ 'ਤੇ ਪਿਛਲੇ ਸਾਲ ਦੇ ਘਟਨਾਕ੍ਰਮ ਸਬੰਧੀ ਸਾਡੀ ਸਥਿਤੀ ਸਪਸ਼ਟ ਅਤੇ ਇਕਸਾਰ ਰਹੀ ਹੈ। ਇਹ ਸਾਡੇ ਸਾਰੇ ਦੁਵੱਲੇ ਸਮਝੌਤਿਆਂ ਦੀ ਉਲੰਘਣਾ ਸੀ ਅਤੇ ਚੀਨੀ ਪੱਖ ਵੱਲੋਂ ਭੜਕਾਊ ਵਿਵਹਾਰ ਅਤੇ ਸਥਿਤੀ ਨੂੰ ਬਦਲਣ ਦੀ ਇਕਪਾਸੜ ਕੋਸ਼ਿਸ਼ ਸੀ, ਜਿਸ ਦੇ ਨਤੀਜੇ ਵਜੋਂ ਅਮਨ ਅਤੇ ਸ਼ਾਂਤੀ ਵਿੱਚ ਗੰਭੀਰ ਵਿਘਨ ਪਿਆ। ਇਸ ਘਟਨਾ ਨਾਲ ਦੁਵੱਲੇ ਸਬੰਧਾਂ 'ਤੇ ਵੀ ਮਾੜਾ ਅਸਰ ਪਿਆ ਹੈ। ਜਿਵੇਂ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਚੀਨੀ ਵਿਦੇਸ਼ ਮੰਤਰੀ ਨਾਲ ਹੋਈ ਮੁਲਾਕਾਤ ਦੌਰਾਨ ਭਾਰਤੀ ਵਿਦੇਸ਼ ਮੰਤਰੀ ਨੇ ਦੋਹਰਾਇਆ ਸੀ, ਸਾਨੂੰ ਉਮੀਦ ਹੈ ਕਿ ਚੀਨੀ ਪੱਖ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਏ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ 'ਤੇ ਬਾਕੀ ਮੁੱਦਿਆਂ ਦੇ ਛੇਤੀ ਨਿਪਟਾਰੇ ਲਈ ਕੰਮ ਕਰੇਗਾ।

ਨਵੀਂ ਦਿੱਲੀ
24 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.